ਸਭ ਹੱਕ ਰਾਖਵੇਂ ਹਨ।

ੴ ਸਤਿਗੁਰਪ੍ਰਸਾਦਿ ॥

::o::

G-462

ਜੀਵਨ ਕਿਚਨਾਂ

ਜੀਵਨ ਕਹਾਣੀ

ਕ੍ਰਿਤ

ਪ੍ਰੋਫੈਸਰ ਗੰਗਾ ਸਿੰਘ ਜੀ ਚੀਫ਼ ਐਡੀਟਰ
ਰਿਸਾਲਾ ਅੰਮ੍ਰਿਤ, ਤਰਨ ਤਾਰਨ

ਪ੍ਰਕਾਸ਼ਕ,
ਗਿ: ਭਜਨ ਸਿੰਘ ਮੈਨੇਜਰ ਅੰਮ੍ਰਿਤ ਪ੍ਰੈਸ
ਤਰਨ ਤਾਰਨ

੧੯੩੩

ਦੂਜੀ ਐਡੀਸ਼ਨ] [੧੦੦੦

£ 20
ਸੰ ੨੪ ਗੀ
21832 cop 1

"ਅੰਮ੍ਰਿਤ ਪ੍ਰਿੰਟਿੰਗ ਪ੍ਰੈਸ", ਜੰਡਿਆਲਾ ਰੋਡ
ਤਰਨ ਤਾਰਨ ਵਿੱਚ ਗਿ: ਭਜਨ ਸਿੰਘ
ਦੇ ਪ੍ਰਬੰਧ ਨਾਲ ਛਪੀ।

24.2.32 S.G.P.C. 1/1/-

੧ ਓ ਸਤਿਗੁਰ ਪ੍ਰਸਾਦਿ ॥

ਭੂਮਿਕਾ

ਰੱਬੀ ਬਾਣੀ ਵਿਚ ਆਇਆ ਹੈ:–

ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ।

ਜੋਤ ਸ੍ਰੀ ਨਿਰੰਕਾਰੀ ਜੀ ਦੀ ਹੈ। ਉਸਦੀ ਕਿਰਣ ਸਤਪੁਰਸ਼ਾਂ ਦੇ ਪਾਰਦਰਸ਼ਕ ਹਿਰਦਿਆਂ ਬਾਣੀ ਲੰਘ ਕੇ ਜਗਤ ਨੂੰ ਚਾਨਣ ਦੇਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਜੋਤੀ ਦੇ ਸੂਰਜ ਸਨ, ਪਰ ਓਹ ਜੋਤ ਅਪਣੀ ਕਿਰਨ ਹਰ ਸਮੇਂ ਹਰ ਦੇਸ਼ ਤੇ ਹਰ ਕੌਮ ਵਿਚ ਰੌਸ਼ਨੀ ਪੁਚਾਉਣ ਲਈ ਕਿਸੇ ਨਾ ਕਿਸੇ ਸਤਪੁਰਸ਼ ਦੇ ਹਿਰਦੇ ਰਾਹੀਂ ਚਮਕਦੀ ਹੈ, ਜਿਸ ਚਾਨਣ ਕਰਕੇ ਮਨੁੱਖ ਜਾਤੀ ਰਸਾਤਲ ਵਿਚੋਂ ਉਠ ਤੁੱਕੀ ਦੇ ਮੈਦਾਨ ਵਿਚ ਪੈਰ ਮਾਰਦੀ ਹੈ। ਅਜਿਹੇ ਸਤਪੁਰਸ਼ ਜੀਵਨ ਯਾਤ੍ਰਾ ਵਿਚ ਮਨੁੱਖ ਲਈ ਰੌਸ਼ਨ ਸਤਾਰੇ ਹਨ ਜਿਨ੍ਹਾਂ ਵੱਲ ਤਕਦਾ ਹੋਇਆ ਮਨੁੱਖ ਇਸ ਸੰਸਾਰ ਦੇ ਅੰਧ ਗਹੇਰੇ ਵਿਚੋਂ ਹਕੀਕਤ ਦਾ ਰਾਹ ਤਲਾਸ਼ ਕਰ ਸਕਦਾ ਹੈ। ਇਹੋ ਹੀ ਵਡਿਆਈ ਸੀ ਜਿਸ

ਕਰਕੇ ਮਜ਼ਹਬ, ਜੋ ਅਜਿਹੇ ਸਤਪੁਰਸ਼ਾਂ ਦੇ ਦੱਸੇ ਹੋਏ ਤ੍ਰੀਕੇ ਦਾ ਨਾਮ ਹੈ, ਮਨੁੱਖ ਨੂੰ ਸਦਾ ਹੀ ਪਿਆਰਾ ਰਿਹਾ ਹੈ । ਇਨਸਾਨ ਨੇ ਅਪਣੀ ਭਾਈਚਾਰਕ ਤੇ ਰਾਜਨੀਤਕ ਤਾਕਤ ਬਹੁਤ ਵੇਰਾਂ ਮਜ਼ਹਬ ਦੇ ਚਰਨਾਂ ਵਿਚ ਰੱਖੀ ਹੈ। ਪਰ ਜਿੱਦਾਂ ਅੰਗੂਰ ਜਿਹਾ ਮਿੱਠਾ, ਸੁਆਦਲਾ ਤੇ ਰਸਦਾਇਕ ਮੇਵਾ ਤੁੱਕ ਜਾਵੇ ਤਾਂ ਉਸਦਾ ਰਸ ਸ਼ਰਾਬ ਵਿਚ ਬਦਲ ਜਾਣ ਕਰਕੇ ਸਿਆਣਿਆਂ ਲਈ ਤਿਆਗਣ ਯੋਗ ਵਸਤੂ ਬਣ ਜਾਂਦਾ ਹੈ, ਉਹੋ ਹੀ ਹਾਲ ਮਜ਼ਹਬ ਦਾ ਵੀ ਹੈ। ਇਹ ਮੇਵਾ ਬੜਾ ਸੁਆਦਲਾ ਤੇ ਰਸਦਾਇਕ ਹੈ ਪਰ ਜੇ ਖੁੱਲੇ ਦਿਲਾਂ ਦੇ ਮੈਦਾਨਾਂ ਵਿਚ ਅਕਲ ਦੀ ਡਾਲੀ ਨਾਲ ਲੱਗਾ ਹੋਇਆ ਪਿਆਰ ਦੇ ਪਾਣੀ ਨਾਲ ਸਿੰਜਿਆ ਜਾਵੇ ਤਾਂ। ਪਰ ਜਦੋਂ ਤਅੱਸਬ ਦੇ ਮੱਟਾਂ ਵਿੱਚ ਪਾ ਅੰਧ ਵਿਸ਼ਵਾਸ ਦੀਆਂ ਰੂੜੀਆਂ ਵਿਚ ਦੱਬਿਆ ਜਾਵੇ ਤਾਂ ਡਾਢੀ ਹਾਨੀਕਾਰਕ ਸ਼ੈ ਬਣ ਜਾਂਦਾ ਹੈ। ਜੇ ਸੱਚ ਪੁੱਛੋ ਤਾਂ ਸਾਡੇ ਦੇਸ਼ ਵਿਚ ਅੱਜ ਕਲ ਮਜ਼ਹਬ ਦੀ ਅਜਿਹੀ ਹੀ ਹਾਨੀਕਾਰਕ ਦਸ਼ਾ ਬਣੀ ਹੋਈ ਹੈ। ਤਅੱਸਬ ਦਾ ਅੰਧਕਾਰ ਛਾਇਆ ਹੋਇਆ ਹੈ, ਪੇਸ਼ਾ-ਵਰ ਭਾੜੇ ਤੇ ਬੋਲਣ ਵਾਲੇ ਪ੍ਰਚਾਰਕਾਂ ਦੇ ਹੱਥ ਵਿੱਚ ਇਸ ਦੀ ਵਾਗ ਡੋਰ ਹੈ ਜੋ ਲੋਕਾਂ ਦੀ ਕਮਜ਼ੋਰੀ ਤੋਂ ਫਾਇਦਾ ਉਠਾਕੇ ਕਿਸੇ ਇੱਕ ਸਤਪੁਰਸ਼ ਦੇ ਉਪਾਸ਼ਕ ਬਣ ਦੂਸਰਿਆਂ ਦੀ ਨਿੰਦਿਆ ਕਰਨਾ ਹੀ ਅਪਣਾ ਆਦਰਸ਼ ਬਣਾਈ ਫਿਰਦੇ ਹਨ। ਅਜਿਹੇ ਲੋਕਾਂ ਦੇ ਹੱਥੋਂ ਤੰਗ ਆਕੇ ਹੀ ਸਾਡੇ ਨੌ ਜੁਆਨ ਮਜ਼ਹਬ ਤੋਂ ਨਫ਼ਰਤ ਕਰਨ ਲੱਗ ਗਏ ਹਨ। ਇਹ ਪੁਸਤਕ 'ਜੀਵਨ ਕਿਰਨਾਂ' ਅਸਲ ਵਿੱਚ ਅਜਿਹੇ ਮੁਤਅੱਸਬ ਪ੍ਰਚਾਰਕਾਂ ਦੇ ਗ਼ਲਤ ਪ੍ਰਾਪੇਗੰਡੇ ਦਾ ਜੁਆਬ ਦੇਣ ਲਈ ਹੀ ਲਿਖੀ ਗਈ ਹੈ

ਤੇ ਇਸ ਵਿੱਚ ਇਹ ਦਰਸਾਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਜੋ ਜੋ ਵੀ ਸਤ ਪੁਰਸ਼ ਜਗਤ ਵਿੱਚ ਆਏ ਉਨ੍ਹਾਂ ਸਾਰਿਆਂ ਤੋਂ ਹੀ ਮਨੁੱਖ ਜਾਤੀ ਨੂੰ ਬੜਾ ਲਾਭ ਪੁੱਜਾ ਹੈ; ਉਹ ਅਸਲ ਵਿੱਚ ਪਰਮੇਸ਼ਰ ਦੇ 'ਜੀਵਨ' ਸਰੂਪ ਦੀਆਂ 'ਕਿਰਨਾਂ' ਸਨ ਜਿਨ੍ਹਾਂ ਦੇ ਉਜਾਲੇ ਤੋਂ ਲਾਭ ਉਠਾਣ ਦਾ ਪ੍ਰਾਣੀ ਮਾਤ੍ਰ ਨੂੰ ਹੱਕ ਹੈ। ਜੇ ਕਿਸੇ ਇੱਕ ਮਨੁੱਖ ਤੇ ਵੀ ਇਹ ਭਾਵ ਪ੍ਰਗਟ ਹੋ ਜਾਵੇ ਤੇ ਉਹ ਤਅੱਸਬ ਦੇ ਰੋਗ ਤੋਂ ਇਸ ਪੁਸਤਕ ਨੂੰ ਪੜ੍ਹਕੇ ਖਲਾਸੀ ਪਾ ਸਕੇ ਤਾਂ ਮੈਂ ਅਪਣਾ ਯਤਨ ਸਫਲ ਸਮਝਾਂਗਾ।

[ਦਾਸ—ਕਰਤਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.